## ਬੱਚੇ ਦੇ ਜਨਮ ਤੋਂ ਬਾਅਦ ਲਈ ਸਰੋਤ

### ਚਾਈਲਡ ਕੇਅਰ ਰਿਸੋਰਸ ਐਂਡ ਰੈਫਰਲ

ਬੱਚੇ ਦੀ ਦੇਖ-ਭਾਲ ਬਾਰੇ ਉੱਚ-ਪੱਧਰੀ ਹਵਾਲੇ, ਵਸੀਲੇ ਅਤੇ ਮੱਦਦ ਦਿੰਦਾ ਹੈ।

**ਐਬਟਸਫੋਰਡ** 604.850.7934
**ਮਿਸ਼ਨ** 604.826.6194

### ਅਰਲੀ ਯੀਅਰਜ਼ ਸੈਂਟਰਜ਼

ਛੋਟੇ ਬੱਚਿਆਂ ਵਾਲੇ ਪਰਿਵਾਰਾਂ ਦੀ ਮੱਦਦ ਕਰਨ ਲਈ, ਜਿਵੇਂ ਕਿ ਸਟਰੌਂਗਸਟਾਰਟ, ਹਵਾਲੇ ਦੇਣ ਅਤੇ ਬੱਚੇ ਦੇ ਵਿਕਾਸ ਦੀ ਜਾਂਚ ਲਈ ਮਾਪਿਆਂ, ਦੇਖ-ਭਾਲ ਕਰਨ ਅਤੇ ਸੇਵਾਵਾਂ ਦੇਣ ਵਾਲਿਆਂ ਨੂੰ ਸਾਧਨਾਂ ਅਤੇ ਵਸੀਲਿਆਂ ਨਾਲ ਜੋੜਦਾ ਹੈ।

**ਐਬਟਸਫੋਰਡ** 778.880.8554
**ਮਿਸ਼ਨ** 604.826.6194

### ਐਬਟਸਫੋਰਡ ਕਮਿਉਨਿਟੀ ਸਰਵਿਸਜ਼- ਫੈਮਿਲੀ ਸੈਂਟਰ

604.859.7681, ਲੋਕਲ 266

### ਮਿਸ਼ਨ ਕਮਿਉਨਿਟੀ ਸਰਵਿਸਜ਼- ਅਰਲੀ ਯੀਅਰਜ਼

604.826.6194
ਇੱਕ ਤੋਂ ਵਧੇਰੇ ਪਰਿਵਾਰਾਂ ਲਈ ਮੱਦਦ ਅਤੇ ਪ੍ਰੋਗਰਾਮ

### ਫਰੇਜ਼ਰ ਵੈਲੀ ਚਾਈਲਡ ਡਿਵੈਲਪਮੈਂਟ ਸੈਂਟਰ

604.852.2686
0-18 ਸਾਲ ਦੇ ਬੱਚਿਆਂ ਲਈ ਸੇਵਾਵਾਂ ਜਿਹਨਾਂ ਦਾ ਵਿਕਾਸ ਦੇਰੀ ਨਾਲ ਹੋ ਰਿਹਾ ਹੈ ਅਤੇ/ਜਾਂ ਜਿਹੜੇ ਅਪੰਗਤਾ ਦਾ ਸ਼ਿਕਾਰ ਹਨ।

### ਨਿਊ ਬਿਗਨਿੰਗਜ਼

604.850.7303
ਮਾਪਿਆਂ ਨੂੰ ਗਰੇਡ 12 ਪੂਰਾ ਕਰਨ ਕਰਨ ਦਾ ਮੌਕਾ ਦਿੰਦਾ ਹੈ। ਹਰ ਕਿਸਮ ਦੇ ਸਾਰੇ ਕੋਰਸ ਅਤੇ 6 ਹਫਤਿਆਂ ਤੋਂ 3 ਸਾਲ ਦੀ ਉਮਰ ਦੇ ਬੱ-ਚਆਂ ਦੀ ਸੰਭਾਲ ਦਾ ਪ੍ਰਬੰਧ ਕਰਦਾ ਹੈ। ਕੌਂਸਲਰਾਂ, ਨਰਸ ਪ੍ਰੈਕਟੀਸ਼ਨਰਾਂ, ਆਊਟਰੀਚ ਵਰਕਰਾਂ, ਅਤੇ ਫੂਡਬੈਂਕ ਦੀਆਂ ਸੇਵਾਵਾਂ ਉਪਲਬਧ ਹਨ।

### ਪੈਸੀਫਿਕ ਪੋਸਟਪਾਰਟਮ ਸਪੋਰਟ ਸੋਸਾਇਟੀ

604.255.7999
ਇੱਕ ਅਜੇਹੀ ਸੇਵਾ ਜਿਹੜੀ ਟੈਲੀਫੋਨ ਮੱਦਦ, ਹਫਤਾਵਾਰ ਮਹਿਲਾ ਸਹਾਇਤਾ ਗਰੁੱਪ ਅਤੇ ਜੀਵਨ ਸਾਥੀਆਂ ਲਈ ਮੱਦਦ ਦਿੰਦੀ ਹੈ।

### ਪਬਲਿਕ ਹੈਲਥ ਯੂਨਿਟ

ਜਾਂਚ, ਮੁਲਾਂਕਣ, ਹਵਾਲੇ, ਟੀਕਾਕਰਣ, ਛਾਤੀ ਦੇ ਦੁੱਧ ਦੇ ਬੈਂਕ, ਬੱਚਿਆਂ ਨੂੰ ਦੁੱਧ ਚੁੰਘਾਉਣ ਵਿੱਚ ਸਹਾਇਤਾ, ਅਤੇ ਮਾਨਸਿਕ ਸਿਹਤ ਸਰੋਤਾਂ ਬਾਰੇ ਮੱਦਦ ਦਿੰਦਾ ਹੈ।

**ਐਬਟਸਫੋਰਡ** 604.864.3400
**ਮਿਸ਼ਨ** 604.814.5500

## ਹੋਰ ਸਰੋਤ

### ਬੀਸੀ211

ਕਮਿਉਨਿਟੀ, ਸਮਾਜਕ ਅਤੇ ਸਰਕਾਰੀ ਸੇਵਾਵਾਂ ਬਾਰੇ ਮੁਫਤ ਜਾਣਕਾਰੀ ਲਈ 211 ਤੇ ਫੋਨ ਕਰੋ। ਇਹ ਸੇਵਾ ਗੁਪਤ, ਬਹੁ-ਭਾਸ਼ਾਈ ਅਤੇ 24/7 ਉਪਲਬਧ ਹੈ।

### ਬੀਸੀ811

ਮੁਫਤ ਸਿਹਤ ਸੇਵਾਵਾਂ ਸੰਬੰਧੀ 811 ਤੇ ਫੋਨ ਕਰੋ ਅਤੇ ਰਜਿਸਟਰਡ ਨਰਸ, ਰਜਿ-ਸਟਰਡ ਡਾਇਟੀਸ਼ਨ, ਕਸਰਤ ਮਾਹਿਰ ਜਾਂ ਫਾਰਮਾਸਿਸਟ ਨਾਲ ਸੰਪਰਕ ਜੋੜੋ।

### ਫਰੇਜ਼ਰ ਹੈਲਥ ਕਰਾਈਸਿਸ ਲਾਈਨ

604.951.8855 | 1.877.820.7444
ਹਰ ਉਮਰ ਦੇ ਲੋਕਾਂ ਲਈ ਤੁਰੰਤ, ਮੁਫਤ ਅਤੇ ਗੁਪਤ ਸਹਾਇਤਾ, ਸੰਕਟ ਸਮੇਂ ਮੱਦਦ ਅਤੇ ਕਮਿਉਨਿਟੀ ਸਰੋਤਾਂ ਬਾਰੇ ਜਾਣਕਾਰੀ 24/7 ਉਪਲਬਧ ਹੈ।

### ਫੂਡ ਬੈਂਕ- ਐਬਟਸਫੋਰਡ

**ਐਬਟਸਫੋਰਡ ਕਮਿਉਨਿਟੀ ਸਰਵਿਸਜ਼, ਆਮ,** 604.859.5749
**ਬੇਸਿਕਸ ਫਾਰ ਬੇਬੀਜ਼,** 604.859.5749
**ਹਾਈ ਪ੍ਰੋਟੀਨ,** 604.859.5749
**ਫਾਰਮ ਤੋਂ ਫੂਡਬੈਂਕ,** 604.859.5749

### ਫੂਡ ਬੈਂਕ-ਮਿਸ਼ਨ

**ਮਿਸ਼ਨ ਫੂਡ ਸੈਂਟਰ,** 604.814.3333
**ਸੇਂਟ ਜੋਸਫਜ਼,** 604.425.0392 **ਐਕਸ.** 4
**ਗਰੇਸ ਸਟੇਸ਼ਨ,** 604.319.5754

### ਮੁਸਲਿਮ ਫੂਡ ਬੈਂਕ

1.866.824.2525

### ਫਰੇਜ਼ਰ ਹੈਲਥ ਮਾਨਸਿਕ ਸਿਹਤ ਕੇਂਦਰ

**ਐਬਟਸਫੋਰਡ** 604.870.7800
**ਮਿਸ਼ਨ** 604.814.5600

### ਗਰਭਪਾਤ

ਪੈਰੀਨੇਟਲ ਲੌਸ ਸਪੋਰਟ ਗਰੁੱਪ, ਐਬਟਸਫੋਰਡ ਹੌਸਪਿਸ

604.852.2456

ਪ੍ਰੈਗਨੈਂਸੀ ਲੌਸ ਸਪੋਰਟ ਗਰੁੱਪ, ਬੀ ਸੀ ਵਿਮਨਜ਼ ਹੌਸਪਿਟਲ

604.875.3788

### ਫਰੇਜ਼ਰ ਵੈਲੀ ਦੇ ਟਰਾਂਜ਼ੀਸ਼ਨ ਹਾਊਸਜ਼ ਦੀ ਵਿਮੈਨ ਰਿਸੋਰਸ ਸੋਸਾਇਟੀ

604.852.6008 ਜਾਂ 604.826.7800
ਐਬਟਸਫੋਰਡ ਅਤੇ ਮਿਸ਼ਨ ਵਿੱਚ ਔਰਤਾਂ ਅਤੇ ਬੱਚਿਆਂ ਨੂੰ ਤੁਰੰਤ ਸੁਰੱਖਿਆ, ਆਰਜ਼ੀ ਰਿਹਾਇਸ਼, ਕੌਂਸਲਿੰਗ ਸਹਾਇਤਾ ਅਤੇ ਸੇਵਾਵਾਂ ਨਾਲ ਸੰਪਰਕ ਕਰਾਉਂਦੀ ਹੈ।

ਐਬਟਸਫੋਰਡ ਅਤੇ ਮਿਸ਼ਨ ਵਿੱਚ ਜਣੇਪਾ ਸੇਵਾਵਾਂ ਅਤੇ ਸਰੋਤਾਂ ਦੀ ਵਿਸਤ੍ਰਿਤ ਸੂਚੀ ਲਈ ਇੱਥੇ ਜਾਓ:
**Divisionsbc.ca/abbotsford or, mission.fetchbc.ca**

# ਐਬਟਸਫੋਰਡ ਅਤੇ ਮਿਸ਼ਨ ਵਿੱਚ ਜਣੇਪਾ ਦੇਖ-ਭਾਲ ਸਰੋਤ ਅਤੇ ਸੇਵਾਵਾਂ



ਗਰਭ ਧਾਰਨ ਕਰਨ ਤੋਂ ਬੱਚਾ ਪੈਦਾ ਹੋਣ ਤੱਕ

### ਇਹ ਕਿਤਬਚਾ ਹੇਠ ਲਿਖੀ ਜਾਣਕਾਰੀ ਦਿੰਦਾ ਹੈ:

- ਵੱਖ ਵੱਖ ਤਰਾਂ ਦੀਆਂ ਜੱਚਾ-ਬੱਚਾ ਸੇਵਾਵਾਂ ਦੇਣ ਵਾਲਿਆਂ ਬਾਰੇ।
- ਗਰਭ ਦੌਰਾਨ ਤੁਹਾਡੀ ਸਹਾਇਤਾ ਲਈ ਸਥਾਨਕ ਸਰੋਤ।

Abbotsford Division of Family Practice
A GPSC initiative

Mission Division of Family Practice
A GPSC initiative

SharedCare
Partners for Patients

ਇਸ ਕਿਤਾਬਚੇ ਵਿਚਲੀ ਜਾਣਕਾਰੀ ਫੈਮਿਲੀ ਪ੍ਰੈਕਟਿਸ ਮੈਟਰਨਿ-ਟੀ ਪਾਥਵੇਜ਼ ਪ੍ਰੋਜੈਕਟ ਸਟੀਰਿੰਗ ਕਮੇਟੀ ਦੀਆਂ ਐਬਟਸਫੋਰਡ ਅਤੇ ਮਿਸ਼ਨ ਡਿਵਿਜ਼ਨਾਂ ਵੱਲੋਂ ਸ਼ੇਅਰਡ ਕੇਅਰ ਤੋਂ ਮਿਲੇ ਫੰਡਾਂ ਦੀ ਮੱਦਦ ਨਾਲ ਇਕੱਤਰ ਕੀਤੀ ਗਈ ਹੈ।

## ਪੈਦਾਇਸ਼ ਤੋਂ ਪਹਿਲਾਂ ਬਾਰੇ ਸਰੋਤ

### ਬੇਬੀਜ਼ ਬੈਸਟ ਚਾਂਸ ਪ੍ਰੈਗਨੈਂਸੀ ਆਊਟਰੀਚ ਪ੍ਰੋਗਰਾਮ

604.820.8455, ਲੋਕਲ 603
ਜ਼ਿਆਦਾ ਖਤਰੇ ਵਾਲੇ ਗਰਭ ਸਮੇਤ ਕਮਜ਼ੋਰ ਔਰਤਾਂ ਨੂੰ ਬੱਚੇ ਦੀ ਪੈਦ-ਾਇਸ਼ ਤੋਂ ਪਹਿਲਾਂ ਕਲਾਸਾਂ, ਹਫਤੇ ਵਿੱਚ ਦੋ ਵਾਰ ਲੰਚ, ਬੱਚਾ ਪੈਦਾ ਹੋਣ ਤੋਂ ਪਹਿਲਾਂ ਲੋੜੀਂਦੇ ਵਿਟਾਮਿਨ, ਖਾਣ-ਪੀਣ ਅਤੇ ਸਿਹਤ ਬਾਰੇ ਜਾਣਕਾਰੀ ਅਤੇ ਮੱਦਦ ਦਿੰਦਾ ਹੈ।

### ਬੈਸਟ ਬਿਗਨਿੰਗਜ਼ – ਫਰੇਜ਼ਰ ਹੈਲਥ

http://bestbeginnings.fraserhealth.ca/default.aspx
ਗਰਭਵਤੀ ਔਰਤਾਂ, ਨਵੀਆਂ ਮਾਵਾਂ, ਨਿੱਕੇ ਬੱਚਿਆਂ ਅਤੇ ਦੋ ਸਾਲ ਦੀ ਉਮਰ ਤੱਕ ਦੇ ਬਾਲਾਂ ਲਈ ਜਨਤਕ ਸਿਹਤ ਸੇਵਾਵਾਂ ਦਿੰਦਾ ਹੈ। ਪੈਦਾਇਸ਼ ਤੋਂ ਪਹਿਲਾਂ ਬਾਰੇ ਪੈਕੇਜ ਹਾਸਲ ਕਰੋ ਜਿਸ ਵਿੱਚ ਪੌਸ਼ਟਿਕ ਖਾਣਿਆਂ ਦੀ ਚੋਣ, ਜਣੇਪਾ ਕਲਾਸਾਂ, ਪੈਦਾਇਸ਼ ਤੋਂ ਪਹਿਲਾਂ ਦੁੱਧ ਚੁੰਘਾਉਣ ਬਾਰੇ ਮੁਫਤ ਕਲਾਸਾਂ ਅਤੇ ਨਵੇਂ ਜਨਮੇ ਬੱਚੇ ਨੂੰ ਖੁਰਾਕ ਦੇਣ ਅਤੇ ਉਸਦੀ ਦੇਖ-ਭਾਲ ਸੰਬੰਧੀ ਜਾਣਕਾਰੀ ਸ਼ਾਮਲ ਹੈ। ਆਪਣਾ ਨਾਂ ਜਲਦੀ ਦਰਜ ਕਰਾਓ

### ਡਾਇਬੀਟੀਜ਼ ਅਤੇ ਪ੍ਰੈਗਨੈਂਸੀ ਕਲਿਨਿਕ – ਐਬਟਸਫੋਰਡ ਰਿਜਨਲ ਹਸਪਤਾਲ

604.851.4700, ਲੋਕਲ 646348
ਟਾਈਪ 1 ਅਤੇ ਟਾਈਪ 2 ਸ਼ੂਗਰ ਦੀ ਬਿਮਾਰੀ ਦੇ ਮਰੀਜ਼ਾਂ, ਗਰਭ ਦੌਰਾਨ ਸ਼ੂਗਰ ਵਾਲਿਆਂ, ਅਤੇ ਜਿਹਨਾਂ ਨੂੰ ਗਰਭ ਦੌਰਾਨ ਸ਼ੂਗਰ ਹੋਣ ਦਾ ਖਤਰਾ ਹੋਵੇ, ਉਹਨਾਂ ਨੂੰ ਸੇਵਾਵਾਂ ਦਿੰਦਾ ਹੈ।

### ਫੈਮਿਲੀ ਸੈਂਟਰ- ਐਬਟਸਫੋਰਡ ਕਮਿਉਨਿਟੀ ਸਰਵਿਸਜ਼

604.859.7681, ਲੋਕਲ 266

- ਬੈਸਟ ਫਾਰ ਬੇਬੀਜ਼ (ਪੌਸ਼ਟਿਕ ਖਾਣ-ਪੀਣ, ਜੀਵਨ-ਜਾਚ ਅਤੇ ਹੋਰ ਮਾਪਿਆਂ ਨਾਲ ਜੁੜਨ ਨੂੰ ਉਤਸ਼ਾਹਿਤ ਕਰਦਾ ਹੈ, ਪੈਦਾਇਸ਼ ਤੋਂ ਪਹਿਲਾਂ ਵਿਟਾਮਿਨ ਦਿੰਦਾ ਹੈ)।
- ਗਰਭ ਤੋ ਪਹਿਲਾਂ ਅਤੇ ਬਾਅਦ ਵਿੱਚ ਉਦਾਸੀ ਰੋਗ ਲਈ ਸਹਾਇਤਾ

### ਪਬਲਿਕ ਹੈਲਥ ਯੂਨਿਟ

**ਐਬਟਸਫੋਰਡ** 604.864.3400
**ਮਿਸ਼ਨ** 604.814.5500
ਬੱਚੇ ਦੀ ਸਿਹਤ, ਵਾਧੇ ਅਤੇ ਵਿਕਾਸ ਬਾਰੇ ਜਾਣਕਾਰੀ। ਜਾਂਚ, ਮੁਲਾਂਕਣ, ਹਵਾਲੇ, ਟੀਕਾਕਰਣ, ਗਰਭਪਾਤ ਅਤੇ ਉਦਾਸੀ ਰੋਗ ਅਤੇ ਚਿੰਤਾ ਲਈ ਸਰੋਤਾਂ ਬਾਰੇ ਮੱਦਦ ਦਿੰਦਾ ਹੈ।

### ਗਰਭ ਦੌਰਾਨ ਜੀਅ ਕੱਚਾ ਹੋਣ ਅਤੇ ਉਲਟੀਆਂ ਲੱਗਣ ਬਾਰੇ ਕਲਿਨਿਕ- ਐਬਟਸਫੋਰਡ ਰਿਜਨਲ ਹਸਪਤਾਲ

604.851.4700, ਲੋਕਲ 642242

## ਪ੍ਰਸੂਤ ਪੀੜਾ ਅਤੇ ਬੱਚੇ ਦੀ ਪੈਦਾਇਸ਼

**ਨੋਟ: ਮਿਸ਼ਨ ਹਸਪਤਾਲ ਵਿੱਚ ਬੱਚੇ ਪੈਦਾ ਨਹੀਂ ਕੀਤੇ ਜਾਂਦੇ।**
**ਐਬਟਸਫੋਰਡ ਰਿਜਨਲ ਹਸਪਤਾਲ ਜਾਓ।**
(32900 ਮਾਰਸ਼ਲ ਰੋਡ, ਐਬਟਸਫੋਰਡ), 604.851.4817

ਤੁਹਾਨੂੰ ਇਕ ਕਮਰਾ ਮਿਲੇਗਾ, ਜਿਸ ਵਿੱਚ ਨਿੱਜੀ ਬਾਥਰੂਮ ਹੋਵੇਗਾ। ਨਹਾਉਣ ਲਈ ਟੱਬ ਅਤੇ ਸ਼ਾਵਰ ਉਪਲਬਧ ਹਨ।

# ਜੱਚਾ ਬੱਚਾ ਸੰਭਾਲ ਸੇਵਾਵਾਂ ਤੱਕ ਪਹੁੰਚ

## ਐਬਟਸਫੋਰਡ ਅਤੇ ਮਿਸ਼ਨ ਵਿੱਚ

ਬੀ ਸੀ ਮੈਡੀਕਲ ਸਰਵਿਸਜ਼ ਪਲੈਨ ਡਾਕਟਰ (ਫੈਮਿਲੀ ਡਾਕਟਰ ਜਾਂ ਪ੍ਰਸੂਤ ਮਾਹਿਰ) ਜਾਂ ਦਾਈ ਦੁਆਰਾ ਦਿੱਤੀਆਂ ਜਾਂਦੀਆਂ ਸੇਵਾਵਾਂ ਨੂੰ ਕਵਰ ਕਰਦੀ ਹੈ। ਐਬਟਸਫੋਰਡ ਜਾਂ ਮਿਸ਼ਨ ਵਿੱਚ ਜਣੇਪੇ ਸੰਬੰਧੀ ਮੁੱਖ ਸੇਵਾਵਾਂ ਲੈਣ ਲਈ ਤੁਸੀਂ ਫੈਮਿਲੀ ਡਾਕਟਰ (ਐਬਟਸਫੋਰਡ ਮੈਟਰਨਿਟੀ ਗਰੁੱਪ ਅਤੇ ਮਿਸ਼ਨ ਮੈਟਰਨਿਟੀ ਕਲਿਨਿਕ ਸਮੇਤ), ਪ੍ਰਸੂਤ ਮਾਹਿਰ ਜਾਂ ਕਿਸੇ ਰਜਿਸਟਰਡ ਦਾਈ ਕੋਲ ਜਾ ਸਕਦੇ ਹੋ। ਇਸ ਸਫੇ ਉਪਰਲੀ ਤਸਵੀਰ ਦਰਸਾਉਂਦੀ ਹੈ ਕਿ ਤੁਹਾਨੂੰ ਕਦੋਂ ਕਿਹੜੇ ਸਿਹਤ ਮਾਹਿਰ ਕੋਲ ਜਾਣਾ ਚਾਹੀਦਾ ਹੈ ਅਤੇ ਇਹ ਲੋੜ ਕਦੋਂ ਬਦਲ ਸਕਦੀ ਹੈ। ਤਸਵੀਰ ਵਿਚਲੀਆਂ ਤਿਕੋਨਾਂ ਹਰ ਕਿਸਮ ਦੇ ਮਾਹਿਰ ਵੱਲ ਜਾਂਦੇ ਰਸਤੇ ਨੂੰ ਦਰਸਾਉਂਦੀਆਂ ਹਨ। ਮਿਸਾਲ ਦੇ ਤੌਰ ਤੇ, ਜੇ ਤੁਸੀਂ ਗਰਭ ਅਵਸਥਾ ਵਿੱਚ ਤੰਦਰੁਸਤ ਹੋ ਅਤੇ ਤੁਹਾਨੂੰ ਘੱਟ ਖਤਰਾ ਹੈ ਤਾਂ ▶ **ਐਬਟਸਫੋਰਡ ਮੈਟਰਨਿਟੀ ਗਰੁੱਪ ਜਾਂ ਮਿਸ਼ਨ ਮੈਟਰਨਿਟੀ ਕਲਿਨਿਕ** ਦਾ ਫੈਮਿਲੀ ਡਾਕਟਰ, ▶ **ਪ੍ਰਸੂਤ ਮਾਹਿਰ ਜਾਂ** ▶ **ਰਜਿਸਟਰਡ ਦਾਈ** ਤੁਹਾਨੂੰ ਪ੍ਰਸੂਤ ਸੰਭਾਲ ਬਾਰੇ ਮੁੱਖ ਸੇਵਾਵਾਂ ਦੇ ਸਕਦੇ ਹਨ। ਇਸ ਸਫੇ ਦੇ ਸੱਜੇ ਪਾਸੇ ਦਿੱਤੇ ਗਏ ਖਾਨਿਆਂ ਵਿੱਚ ਹਰ ਕਿਸਮ ਦੇ ਸੇਵਾ ਦੇਣ ਵਾਲੇ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ।




### ਫੈਮਿਲੀ ਡਾਕਟਰ

ਤੁਹਾਡਾ ਫੈਮਿਲੀ ਡਾਕਟਰ ਤੁਹਾਡੇ ਗਰਭ ਦੌਰਾਨ ਓਨਾ ਚਿਰ ਤੁਹਾਡੀ ਸੰਭਾਲ ਕਰੇਗਾ ਜਿੰਨਾ ਚਿਰ ਉਹ ਤੁਹਾਨੂੰ ਐਬਟਸਫੋਰਡ ਮੈਟਰਨਿਟੀ ਗਰੁੱਪ ਜਾਂ ਮਿਸ਼ਨ ਮੈਟਰਨਿਟੀ ਕਲਿਨਿਕ, ਓਬੀ ਜਾਂ ਕਿਸੇ ਰਜਿਸਟਰਡ ਦਾਈ ਕੋਲ ਨਹੀਂ ਭੇਜਦਾ/ਦੀ।

ਜੇ ਤੁਹਾਡਾ ਕੋਈ ਫੈਮਿਲੀ ਡਾਕਟਰ ਨਹੀ ਹੈ ਅਤੇ ਤੁਸੀਂ:

**ਐਬਟਸਫੋਰਡ ਰਹਿੰਦੇ ਹੋ ਤਾਂ** ਐਬਟਸਫੋਰਡ ਡਿਵਿਜ਼ਨ ਕੇਅਰ ਕੁਨੈਕਟਰ ਨੂੰ 604-746-3302 ਤੇ ਫੋਨ ਕਰੋ।

**ਮਿਸ਼ਨ ਵਿੱਚ ਰਹਿੰਦੇ ਹੋ ਤਾਂ** ਮਿਸ਼ਨ ਡਿਵਿਜ਼ਨ ਅਟੈਚਮੈਂਟ ਕਲਿਨਿਕ ਨੂੰ 604-820-1021 ਤੇ ਫੋਨ ਕਰੋ।

### ਐਬਟਸਫੋਰਡ ਮੈਟਰਨਿਟੀ ਗਰੁੱਪ ਅਤੇ ਮਿਸ਼ਨ ਮੈਟਰਨਿਟੀ ਕਲਿਨਿਕ

ਇੱਥੇ ਮੌਜੂਦ ਫੈਮਿਲੀ ਡਾਕਟਰ ਗਰਭ ਅਵਸਥਾ ਦੌਰਾਨ ਅਤੇ ਬੱਚਾ ਹੋਣ ਤੋਂ 6 ਹਫਤੇ ਬਾਅਦ ਤੱਕ ਤੁਹਾਡੀਆਂ ਡਾਕਟਰੀ ਲੋੜਾਂ ਸਮੇਂ ਤੁਹਾਡੀ ਦੇਖ-ਭਾਲ ਕਰਨਗੇ। ਉਸ ਸਮੇਂ ਤੁਹਾਡੀ ਸਿਹਤ ਸੰਭਾਲ ਦੀ ਜ਼ਿੰਮੇਵਾਰੀ ਤੁਹਾਡੇ ਨਿਯਮਤ ਫੈਮਿਲੀ ਡਾਕਟਰ ਕੋਲ ਵਾਪਸ ਚਲੀ ਜਾਵੇਗੀ। ਇਸ ਵਿੱਚ ਬੱਚਾ ਪੈਦਾ ਹੋਣ ਤੋਂ ਪਹਿਲਾਂ ਦੀਆਂ ਕਲਾਸਾਂ ਅਤੇ ਨਵੇਂ ਜਨਮੇ ਬੱਚੇ ਨੂੰ ਦੁੱਧ ਚੁੰਘਾਉਣ ਵਿੱਚ ਮੱਦਦ ਸ਼ਾਮਲ ਹਨ।

**ਐਬਟਸਫੋਰਡ ਮੈਟਰਨਿਟੀ ਗਰੁੱਪ:** 604.859.1211
**ਮਿਸ਼ਨ ਮੈਟਰਨਿਟੀ ਕਲਿਨਿਕ:** 604.820.1021

ਨੋਟ: ਐਬਟਸਫੋਰਡ ਮੈਟਰਨਿਟੀ ਗਰੁੱਪ ਅਤੇ ਮਿਸ਼ਨ ਮੈਟਰਨਿਟੀ ਕਲਿਨਿਕ ਦੇ ਮਰੀਜ਼ਾਂ ਲਈ ਜਣੇਪੇ ਅਤੇ ਹਸਪਤਾਲ ਵਿੱਚ ਦਾਖਲੇ ਦੌਰਾਨ ਐਬਟਸਫੋਰਡ ਰਿਜਨਲ ਹੌਸਪੀਟਲ ਦੇ ਐਬਟਸਫੋਰਡ ਮੈਟਰਨਿਟੀ ਗਰੁੱਪ ਵੱਲੋਂ ਦੇਖ-ਭਾਲ ਕੀਤੀ ਜਾਵੇਗੀ।

### ਪ੍ਰਸੂਤ ਮਾਹਿਰ (ਓਬੀ)

ਜ਼ਿਆਦਾ ਖਤਰੇ ਵਾਲੇ ਗਰਭ (ਮਿਸਾਲ ਦੇ ਤੌਰ ਤੇ ਜੌੜੇ ਬੱਚਿਆਂ ਵਾਲੇ) ਅਤੇ ਘੱਟ ਖਤਰੇ ਵਾਲੇ ਗਰਭ ਸਮੇਂ ਦੇਖ-ਭਾਲ ਕਰਦਾ ਹੈ।ਉਸ ਕੋਲ ਜਾਣ ਲਈ ਕਿਸੇ ਹੋਰ ਡਾਕਟਰੀ ਅਧਿਕਾਰੀ ਦਾ ਹਵਾਲਾ ਜ਼ਰੂਰੀ ਹੈ। ਓਬੀ ਮਾਹਿਰਾਂ ਕੋਲ ਗਰਭ, ਪ੍ਰਸੂਤ ਪੀੜਾ ਅਤੇ ਜਣੇਪੇ ਦੌਰਾਨ ਡਾਕਟਰੀ ਮੱਦਦ ਦੇਣ ਲਈ ਵਿਸ਼ੇਸ਼ ਪੜ੍ਹਾਈ ਅਤੇ ਸਿਖਲਾਈ ਹੁੰਦੀ ਹੈ। ਉਹ ਗੁੰਝਲਦਾਰ ਕੇਸਾਂ ਨੂੰ ਸੰਭਾਲਣ ਦੇ ਯੋਗ ਹੁੰਦੇ ਹਨ। ਓਬੀ ਜਣੇਪੇ ਦੌਰਾਨ ਤੁਹਾਡਾ ਮੁੱਖ ਡਾਕਟਰ ਹੋ ਸਕਦਾ ਹੈ ਜਾਂ ਜੇਕਰ ਤੁਹਾਨੂੰ ਕੋਈ ਸਮੱਸਿਆ ਪੈਦਾ ਹੋ ਜਾਵੇ ਤਾਂ ਉਹ ਤੁਹਾਡੇ ਫੈਮਿਲੀ ਡਾਕਟਰ ਜਾਂ ਰਜਿਸਟਰਡ ਦਾਈ ਨੂੰ ਸਲਾਹ ਵੀ ਦੇ ਸਕਦਾ ਹੈ।

### ਰਜਿਸਟਰਡ ਦਾਈ

ਤੰਦਰੁਸਤ ਅਤੇ ਘੱਟ ਖਤਰੇ ਵਾਲੇ ਗਰਭ ਲਈ ਗਰਭ ਅਵਸਥਾ ਦੇ ਮੁਢਲੇ ਸਮੇਂ ਤੋਂ ਦੇਖ-ਭਾਲ ਕਰਦੀ ਹੈ, ਜਿਹੜੀ ਤੁਹਾਨੂੰ ਬੱਚਾ ਹੋਣ ਤੋਂ ਛੇ ਹਫਤੇ ਬਾਅਦ ਤੱਕ ਜਾਰੀ ਰਹਿੰਦੀ ਹੈ, ਬੱਚੇ ਨੂੰ ਦੁੱਧ ਚੁੰਘਾਉਣ ਵਿੱਚ ਮੱਦਦ ਸਮੇਤ। ਇਸ ਸੇਵਾ ਲਈ ਕਿਸੇ ਹਵਾਲੇ ਦੀ ਲੋੜ ਨਹੀਂ। ਨਿਯਮਤ ਅਤੇ ਰਜਿਸਟਰਡ ਦਾਈਆਂ ਬਾਰੇ ਜਾਣਕਾਰੀ ਲਈ www.bcmidwives.com/find-a-midwife.html ਤੇ ਜਾਓ। ਸੇਵਾ ਯਕੀਨੀ ਬਣਾਉਣ ਲਈ ਜਲਦੀ ਬੁਕਿੰਗ ਕਰਾਓ।

### ਬੱਚੇ ਦੇ ਜਨਮ ਅਤੇ ਜਨਮ ਤੋਂ ਬਾਅਦ ਮੱਦਦ

ਡੌਲਾ ਜਾਂ ਸਹਾਇਕ ਦਾਈਆਂ ਜਣੇਪੇ ਤੋਂ ਪਹਿਲਾਂ, ਜਣੇਪੇ ਦੌਰਾਨ ਅਤੇ ਬਾਅਦ ਵਿੱਚ ਗੈਰ-ਡਾਕਟਰੀ ਸਰੀਰਕ ਅਤੇ ਜਜ਼ਬਾਤੀ ਮੱਦਦ ਦਿੰਦੀਆਂ ਹਨ। ਕ੍ਰਿਪਾ ਕਰਕੇ ਯਾਦ ਰੱਖੋ ਕਿ ਸਹਾਇਕ ਦਾਈਆਂ ਬੱਚੇ ਪੈਦਾ ਨਹੀ ਕਰਾਉਂਦੀਆਂ ਅਤੇ ਬੀ ਸੀ ਮੈਡੀਕਲ ਸਰਵਿਸਜ਼ ਪਲੈਨ ਉਹਨਾਂ ਦਾ ਖਰਚਾ ਨਹੀਂ ਦਿੰਦੀ।